# ਤੁਮ ਸੋ ਠਾਕੁਰੁ ਅਉਰੁ ਨ ਦੇਵਾ

ਜਉ ਤੁਮ ਗਿਰਿਵਰ ਤਉ ਹਮ ਮੋਰਾ ॥

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥

ਇਹ ਸ਼ਬਦ ਭਗਤ ਰਵਿਦਾਸ ਜੀ ਨੇ ਉਚਾਰਣ ਕੀਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੫੮ ਤੇ, ਸੋਰਠਿ ਰਾਗ ਵਿਚ ਅੰਕਤ ਹੈ।

ਇਸ ਸ਼ਬਦ ਵਿਚ ਭਗਤ ਜੀ ਨੇ ਗੁਰੂ/ਪ੍ਰਭੂ ਨਾਲ ਸਚੇ ਪ੍ਰੇਮ ਦੀ ਗਲ ਕੀਤੀ ਹੈ ਅਤੇ ਆਪਣਾ, ਅਥਾਹ ਪ੍ਰੇਮ ਵਿਅਕਤ ਕੀਤਾ ਹੈ ਪਰ ਉਸ ਪ੍ਰੇਮ ਦਾ ਅਧਾਰ ਗੁਰੂ/ਪ੍ਰਭੂ ਦੀ ਕਿਰਪਾ ਨੂੰ ਹੀ ਮੰਨਿਆ ਹੈ।

-- ਭਗਤ ਜੀ ਮੋਰ ਦੇ, ਪਹਾੜ ਨਾਲ, ਪ੍ਰੇਮ ਦੀ ਮਿਸਾਲ ਦੇ ਕੇ ਪ੍ਰਭੂ ਨੂੰ ਸੰਬੋਧਨ ਕਰਦਿਆਂ ਬੇਨਤੀ ਕਰਦੇ ਹਨ ਕਿ ਮੇਰਾ ਤੇਰੇ ਨਾਲ ਇੰਵ ਪ੍ਰੇਮ ਹੈ ਜਿਵੇਂ ਮੋਰ ਦਾ ਪਰਬਤ ਨਾਲ ਹੁੰਦਾ ਹੈ, ਭਾਵ ਜੇ ਤੂੰ ਪਹਾੜ ਬਣੇ ਤਾਂ ਮੈਂ ਤੇਰਾ ਮੋਰ ਬਣ ਕੇ ਤੇਰੇ, ਨਾਲ ਹੋਣ ਦੀ ਖੁਸ਼ੀ ਨਾਲ ਪੈਲਾਂ ਪਾਵਾਂ।

ਮੋਰ, ਪਹਾੜ ਨੂੰ ਇਸ ਲਈ ਪਸੰਦ ਕਰਦਾ ਹੈ ਕਿਉਂਕਿ ਉਥੇ ਬਦਲਾਂ ਦੀ ਅਤੇ ਮੀਂਹ ਦੀ ਭਰਮਾਰ ਹੁੰਦੀ ਹੈ, ਜੋ ਉਸਨੂੰ ਬਹੁਤ ਪਸੰਦ ਹਨ। ਜਦੋਂ ਮੋਰ ਬਹੁਤ ਖੁਸ਼ ਹੁੰਦਾ ਹੈ ਤਾਂ ਝੂਮ ਕੇ ਪੈਲਾਂ ਪਾਉਂਦਾ ਹੈ।

ਚੌਥੇ ਪਾਤਸ਼ਾਹ, ਪੰਨਾ ੧੭੩ ਤੇ, ਆਪਣੇ ਮਨ ਰੂਪੀ ਮੋਰ ਦੇ ਖੁਸ਼ੀ ਵਿਚ ਬੋਲਣ ਦੀ ਗਲ ਕਰਦੇ ਹਨ ਜਦੋਂ ਹਰੀ ਪ੍ਰਭੂ ਵਲੋਂ ਉਨ੍ਹਾਂ ਤੇ ਨਾਮ ਰੂਪੀ ਬਰਖਾ ਹੁੰਦੀ ਹੈ ਤੇ ਪ੍ਰਭੂ ਪਿਆਰੇ ਦਾ ਆਉਣਾ ਹੁੰਦਾ ਹੈ - 'ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ।। ਹਰਿ ਅੰਮ੍ਰਿਤੁ ਵੂਠੜਾ ਮਿਲਿਆ ਹਰਿ ਰਾਇਆ ਜੀਉ।।'

-- ਦੂਜੀ ਮਿਸਾਲ, ਉਹ ਚੰਨ ਤੇ ਚਕੋਰ ਦੀ ਦਿੰਦੇ ਹੋਇ ਫ਼ੁਰਮਾਣ ਕਰਦੇ ਹਨ ਕਿ ਹੇ ਪ੍ਰਭੂ ! ਜੇ ਤੂੰ ਚੰਨ ਬਣ ਜਾਵੇਂ ਤਾ ਮੈਂ ਤੇਰੀ ਚਕੋਰ ਬਣ ਜਾਵਾਂ।੧।

ਚਕੋਰ ਦੀ ਚੰਨ ਨਾਲ ਪ੍ਰੀਤ ਹੈ। ਉਹ ਸਾਰੀ ਸਾਰੀ ਰਾਤ ਚੰਨ ਨੂੰ ਨਿਹਾਰਦੀ ਰਹਿੰਦੀ ਹੈ। ਇਸ ਲਈ ਚਕੋਰ ਨੂੰ, ਅਥਾਹ ਪ੍ਰੇਮ ਦਾ, ਪ੍ਰਤੀਕ ਮੰਨਿਆ ਜਾਂਦਾ

ਹੈ।

ਭਾਵ ਇਹ ਹੈ ਕਿ ਭਗਤ ਜੀ ਆਪਣੇ ਅੰਦਰ ਦੇ ਪ੍ਰੇਮ ਦੇ ਵਲਵਲੇ ਨੂੰ ਸ਼ਬਦਾਂ ਵਿਚ ਜ਼ਾਹਿਰ ਕਰ ਰਹੇ ਹਨ। ਬਾਣੀ ਵਿਚ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੨੦੮ ਤੇ, ਚਕੋਰ ਦੀ ਮਿਸਾਲ ਦੇ ਕੇ, ਹਰ ਵਕਤ, ਪ੍ਰਭੂ ਦੇ ਦਰਸ਼ਨਾਂ ਦੀ ਲਾਲਸਾ ਬਿਆਨ ਕੀਤੀ ਹੈ - 'ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।।' ਪੰਨਾ ੮੩੮ ਤੇ ਵੀ ਅਜਿਹੀ ਹੀ ਪ੍ਰੀਤ ਦੁਹਰਾਈ ਹੈ - 'ਪ੍ਰਭ ਤੁਝ ਬਿਨਾ ਨਹੀ ਹੋਰ।। ਮਨਿ ਪ੍ਰੀਤਿ ਚੰਦ ਚਕੋਰ।।'

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥

-- ਭਗਤ ਜੀ ਅਰਜੋਈ ਕਰਦੇ ਹਨ ਕਿ ਹੇ ਮਾਇਆ ਦੇ ਮਾਲਕ ਪ੍ਰਭੂ ! ਜੇ ਤੂੰ ਮੇਰੇ ਪ੍ਰੇਮ ਨੂੰ, ਮੈਨੂੰ ਭਰਮਾ ਕੇ, ਨਾ ਤੋੜ ਦਏਂ ਤਾਂ ਮੈਂ ਇਸ ਪ੍ਰੇਮ ਨੂੰ ਕਦੇ ਨਹੀਂ ਤੋੜਾਂਗਾ।

ਕਹਿਣ ਦਾ ਭਾਵ ਇਹ ਹੈ ਕਿ ਪ੍ਰੇਮ ਬਣਾਏ ਰਖਣਾ ਸਿਰਫ਼ ਆਪਣੇ ਹਥ ਨਹੀਂ ਹੈ, ਗੁਰੂ/ਪ੍ਰਭੂ, ਆਪਣੀ ਰਜ਼ਾ ਵਿਚ, ਕਦੇ ਵੀ, ਮਾਇਆ ਦਾ ਪ੍ਰਭਾਵ ਪਾ ਕੇ, ਇਸ ਨੂੰ ਤੋੜ ਦਿੰਦਾ ਹੈ। ਸਭ ਕੁਝ ਜਾਣਦੇ ਹੋਏ ਵੀ ਮਨੁਖ, ਪ੍ਰਭਾਵ ਥਲੇ ਆ ਜਾਂਦਾ ਹੈ। ਇਸ ਲਈ ਇਥੇ, ਅਸਿਧੇ ਤੌਰ ਤੇ, ਮਾਇਆ ਦਾ ਪ੍ਰਭਾਉ, ਨਾ ਪਾਉਣ ਦੀ ਬੇਨਤੀ ਵੀ ਕੀਤੀ ਹੈ।

-- ਭਗਤ ਜੀ, ਪ੍ਰੇਮ ਦੇ ਪਿਛੇ ਦਾ, ਤਰਕ ਵੀ ਦਿੰਦੇ ਹਨ ਕਿ ਤੇਰੇ ਬਿਨਾਂ ਹੋਰ ਹੈ ਹੀ ਕੌਣ, ਜਿਸ ਨਾਲ ਪ੍ਰੇਮ ਕੀਤਾ ਜਾ ਸਕੇ। ਭਲਾ ਤੇਰੇ ਨਾਲੋਂ ਤੋੜ ਕੇ ਮੈਂ ਇਹ ਪ੍ਰੀਤ ਕਿਸ ਦੇ ਨਾਲ ਜੋੜਾਂ !੧।ਰਹਾਉ।

ਭਾਵ ਇਹ ਹੈ ਕਿ ਪਹਿਲੀ ਗਲ ਇਹ, ਕਿ ਤੇਰੇ ਤੋਂ ਬਿਨਾਂ ਹੋਰ ਕਿਸੇ ਦੀ ਹੋਂਦ ਹੀ ਨਹੀਂ। ਦੂਜੀ ਇਹ ਕਿ ਬਾਕੀ ਸਭ ਕੁਝ ਛਿੰਨ-ਭੰਗਰ ਹੈ। ਭਾਵ, ਭਗਤ ਜੀ ਨੇ ਸਭ ਨੂੰ ਛੱਡ ਕੇ ਪ੍ਰਭੂ ਨਾਲ ਪ੍ਰੀਤ ਕੀਤੀ ਹੈ। ਪੰਜਵੇਂ ਪਾਤਸ਼ਾਹ ਨੇ ਵੀ, ਪੰਨਾ ੩੭੧ ਤੇ, ਇਹੀ ਗਲ ਕਹੀ ਹੈ ਕਿ ਉਨ੍ਹਾਂ ਨੇ ਸਭ ਕੁਝ ਛੱਡ ਕੇ, ਭਾਵ ਮਾਇਆ

ਮੋਹ ਦੇ ਸਾਰੇ ਰਿਸ਼ਤੇ ਤੋੜ ਕੇ ਪ੍ਰਭੂ ਨੂੰ ਧਿਆਇਆ ਹੈ, ਉਸ ਦਾ ਸਮੱਰਣ ਕੀਤਾ ਹੈ, ਹਿਰਦੇ ਅੰਦਰ ਵਸਾਇਆ ਹੈ - 'ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।।'

ਸ੍ਰੀ ਗੁਰੂ ਰਾਮਦਾਸ ਪਾਤਸ਼ਾਹ, ਪੰਨਾ ੧੬੪ ਤੇ, ਫ਼ੁਰਮਾਣ ਕਰਦੇ ਹਨ ਕਿ ਸਚੇ ਗੁਰੂ ਤੋਂ ਬਿਨਾਂ ਹੋਰ ਸਾਰੇ ਪ੍ਰੇਮ, ਮਾਇਆ ਮੋਹ ਦਾ ਹੀ, ਕਚਾ ਪਸਾਰਾ ਹਨ ਜੋ ਝੂਠ ਹਨ ਅਤੇ ਕੂੜਾ ਦਿਖਾਵਾ ਹਨ। ਤ੍ਰਿਪਤੀ ਤਾਂ ਸਚੇ ਗੁਰੂ ਦੇ ਪ੍ਰੇਮ ਵਿਚ ਹੀ ਮਿਲਦੀ ਹੈ - 'ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ।। ਬਿਨਸਿ ਜਾਇ ਕੂਰਾ ਕਚੁ ਪਾਚਾ।। ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੂ ਸਾਚਾ।।'

ਸ੍ਰੀ ਕ੍ਰਿਸ਼ਨ ਜੀ ਨੂੰ ਦ੍ਰੋਪਦੀ ਨੇ ਪੁਛਿਆ ਸੀ ਕਿ ਉਨ੍ਹਾਂ ਨੇ, ਰਾਜ ਦਰਬਾਰ ਦੇ ਵਿਚ, ਦ੍ਰੋਪਦੀ ਦੀ ਪੱਤ ਰਖਣ ਲਈ, ਆਉਣ ਨੂੰ ਦੇਰ ਕਿਉਂ ਲਗਾਈ। ਤਾਂ ਨਾਰਾਇਣ ਨੇ ਉਤਰ ਦਿਤਾ ਕਿ 'ਤੂੰ ਪਹਿਲੇ ਸਾਨੂੰ ਯਾਦ ਹੀ ਨਹੀਂ ਕੀਤਾ। ਜਿਉਂ ਤੂੰ ਸਾਨੂੰ ਸਚੇ ਦਿਲ ਨਾਲ ਮਦਦ ਲਈ ਪੁਕਾਰਿਆ, ਅਸੀਂ ਆ ਗਏ।' ਇਹ ਸਚ ਹੈ ਕਿ ਦ੍ਰੋਪਦੀ, ਪਹਿਲਾਂ, ਪਾਂਡਵਾਂ ਅਤੇ ਦਰਬਾਰੀਆਂ ਤੋਂ ਹੀ ਮਦਦ ਦੇ ਵਾਸਤੇ ਪਾਉਂਦੀ ਰਹੀ। ਜਦੋਂ ਕੋਈ ਅਗੇ ਨਾ ਆਇਆ ਤਾਂ ਉਸਨੇ ਸ੍ਰੀ ਕ੍ਰਿਸ਼ਨ ਜੀ ਦਾ ਜਾਪ ਕੀਤਾ। ਦ੍ਰੋਪਦੀ ਨੂੰ ਪੱਕੀ ਸਮਝ ਲਗ ਗਈ ਕਿ ਪ੍ਰਭੂ ਤੋਂ ਬਿਨਾਂ ਕੋਈ ਹੋਰ ਹੈ ਹੀ ਨਹੀਂ। ਇਸ ਕਥਾ ਤੋਂ ਜ਼ਾਹਰ ਹੈ ਕਿ ਮਦਦਗਾਰ, ਸਿਰਫ਼ ਪ੍ਰਭੂ ਹੀ ਹੈ।

ਜਉ ਤੁਮ ਦੀਵਰਾ ਤਉ ਹਮ ਬਾਤੀ ॥

ਜਉ ਤੁਮ ਤੀਰਥ ਤਉ ਹਮ ਜਾਤੀ ॥੨॥

-- ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਹੇ ਪ੍ਰਭੂ ! ਜੇ ਤੂੰ ਦੀਵਾ ਬਣੇ ਤਾਂ ਮੈਂ ਤੇਰੀ ਬਤੀ, ਭਾਵ, ਵੱਟ ਬਣ ਜਾਵਾਂ।

ਵੱਟ, ਦੀਵੇ ਦੇ ਨਾਲ ਹੀ, ਜਲਦੀ ਹੈ ਤੇ ਰੌਸ਼ਨੀ ਦਿੰਦੀ ਹੈ। ਦੀਵੇ ਤੋਂ ਬਿਨਾਂ ਉਹ ਨਹੀਂ ਜਲ ਸਕਦੀ। ਭਾਈ ਗੁਰਦਾਸ ਜੀ ਫ਼ੁਰਮਾਣ ਕਰਦੇ ਹਨ - 'ਵਟੀ ਤੇਲੁ ਦੀਵਾ ਹੋਇ ਬਲਣਾ।।' ਵਾਰ ੧੮:੧੭

-- ਜੇ ਤੂੰ ਤੀਰਥ ਹੋਵੇਂ ਤਾ ਹੀਂ ਮੈਂ ਤੀਰਥ ਤੇ ਜਾਵਾਂ।੨।

ਭਾਵ, ਜੇ ਤੂੰ ਤੀਰਥ ਤੇ ਨਹੀਂ ਹੈਂ ਤਾ ਮੇਰਾ ਉਥੇ ਜਾਣ ਦਾ ਕੀ ਕੰਮ ! ਮੇਰਾ ਪ੍ਰੇਮ ਤੇਰੇ ਨਾਲ ਹੈ, ਤੀਰਥ ਨਾਲ ਨਹੀਂ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਜਪੁ ਬਾਣੀ ਵਿਚ ਵੀ ਅਜਿਹਾ ਹੀ ਬਚਨ ਕੀਤਾ ਹੈ ਕਿ ਮੈਂ ਤੀਰਥ ਤੇ ਤਾਂ ਜਾ ਕੇ ਇਸ਼ਨਾਨ ਕਰਾਂ, ਜੇ ਅਜਿਹਾ ਕਰਣ ਨਾਲ ਤੈਨੂੰ ਭਾਅ ਜਾਵਾਂ। ਜੇ ਅਜਿਹਾ ਨਹੀਂ, ਤਾਂ ਮੈਂ ਤੀਰਥ ਤੇ ਜਾ ਕੇ ਕੀ ਕਰਨਾ ਹੈ - 'ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।।'

ਬਚਨ ਕਰਣ ਦਾ ਸਪੱਸ਼ਟ ਭਾਵ ਇਹ ਹੈ ਕਿ ਤੀਰਥ ਤੇ ਜਾਣਾ ਪ੍ਰਭੂ ਨੂੰ ਨਹੀਂ ਭਾਉਂਦਾ। ਜਿਥੇ ਪ੍ਰਭੂ ਹੈ, ਉਥੇ ਹੀ ਭਗਤ ਹੈ।

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥

-- ਭਗਤ ਰਵਿਦਾਸ ਜੀ ਪ੍ਰਭੂ ਨੂੰ ਸੰਬੋਧਨ ਕਰਦੇ ਹਨ ਕਿ ਮੈਂ ਤੇਰੇ ਨਾਲ ਸਚੀ, ਭਾਵ ਸਦਾ ਦੀ, ਪ੍ਰੀਤ ਜੋੜ ਲਈ ਹੈ।

-- ਤੇਰੇ ਨਾਲ ਪ੍ਰੀਤ ਜੋੜ ਕੇ, ਬਾਕੀ ਸਾਰਿਆਂ ਨਾਲੋਂ ਤੋੜ ਲਈ ਹੈ।੩।

ਪ੍ਰਭੂ ਦੀ ਪ੍ਰੀਤ ਨਿਭਦੀ ਵੀ ਤਾਂ ਹੀ ਹੈ ਜੇ ਹੋਰਾਂ ਨਾਲ ਤੋੜ ਲਈ ਜਾਵੇ। ਪ੍ਰਭੂ ਤਾਂ ਹੀ ਸਾਡਾ ਹੁੰਦਾ ਹੈ ਜੇ ਸਭ ਨੂੰ ਛੱਡ ਕੇ, ਉਸ ਨੂੰ ਚੇਤੇ ਰਖਿਆ ਜਾਏ, ਧਿਆਇਆ ਜਾਏ - 'ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ।।', ਪੰਨਾ ੩੭੧.

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਦੁਨੀਆਂ ਦੇ ਰਸ ਕਸ ਛਡਣ ਨਾਲ ਹੀ ਪ੍ਰਭੂ ਦਾ ਪ੍ਰੇਮ ਦਾ ਰਸ, ਭਾਵ ਸੁਆਦ ਆਉਂਦਾ ਹੈ ਅਤੇ ਪ੍ਰਭੂ ਦਾ ਨਾਮ ਰਸ ਚਖ ਕੇ, ਫ਼ਿਰ ਦੁਨੀਆਂ ਦੇ ਰਸ ਚੰਗੇ ਹੀ ਨਹੀਂ ਲਗਦੇ - 'ਇਹ ਰਸ ਛਾਡੇ ਉਹ ਰਸੁ ਆਵਾ।। ਉਹ ਰਸੁ ਪੀਆ ਇਹ ਰਸੁ ਨਹੀ ਭਾਵਾ।।'

ਭਗਤ ਨਾਮਦੇਵ ਜੀ ਵੀ ਗੁਆਂਢਣ ਨੂੰ ਦਸਦੇ ਹਨ ਕਿ ਲੋਕਾਂ ਅਤੇ ਕੁਟੰਬ ਨਾਲ

ਮੋਹ ਤੋੜਣ ਤੋਂ ਬਾਅਦ, ਪ੍ਰਭੂ ਆਪ ਹੀ ਭਗਤ ਕੋਲ ਆ ਪੁਜਦਾ ਹੈ - 'ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ।।', ਪੰਨਾ ੬੫੭. ਦਸਵੇਂ ਪਾਤਸ਼ਾਹ ਨੇ, 'ਅਕਾਲ ਉਸਤਤਿ' ਵਿਚ ਪ੍ਰੇਮ ਨੂੰ ਹੀ ਅਸਲ ਪ੍ਰਭੂ ਪ੍ਰਾਪਤੀ ਦਾ ਮਾਰਗ ਦਸਿਆ ਹੈ - 'ਸਾਚੁ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।'

ਜਹ ਜਹ ਜਾਉ ਤਹਾ ਤੇਰੀ ਸੇਵਾ ॥

ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥

-- ਭਗਤ ਜੀ ਦਾ ਫ਼ੁਰਮਾਣ ਹੈ ਕਿ ਮੈਂ ਜਿਥੇ ਵੀ ਜਾਂਦਾ ਹਾਂ, ਤੈਨੂੰ ਹੀ ਅਰਾਧਦਾ ਹਾਂ

ਕਿਉਂਕਿ ਜਿਥੇ ਮੈਂ ਜਾਵਾਂ ਤੂੰ ਉਥੇ ਹੀ ਮੌਜੂਦ ਹੁੰਦਾ ਹੈਂ, ਜਿਵੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ, ਪੰਨਾ ੪੩੮ ਤੇ, ਫ਼ੁਰਮਾਣ ਕਰਦੇ ਹਨ - 'ਤੂ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ।।'

-- ਕਿਉਂਕਿ ਹੇ ਪ੍ਰਭੂ/ਗੁਰੂ ! ਤੇਰੇ ਤੋਂ ਬਿਨਾਂ ਹੋਰ ਕੋਈ ਅਜਿਹਾ ਮਾਲਕ ਹੈ ਹੀ ਨਹੀਂ, ਜੋ ਅਰਾਧਣ ਜੋਗ ਹੋਵੇ, ਇਸ ਕਰ ਕੇ, ਮੈਂ ਹੋਰ ਕਿਸ ਦੀ ਅਰਾਧਣਾ ਕਰਾਂ, ਮੇਰੀ ਨਜ਼ਰ, ਤੇਰੇ ਤੋਂ ਬਿਨਾਂ ਕਿਸੇ ਹੋਰ ਤੇ ਟਿਕਦੀ ਹੀ ਨਹੀਂ।

ਦਸਮ ਪਾਤਸ਼ਾਹ ਦੇ ਬਚਨ ਹਨ ਕਿ ਜਦੋਂ ਦੀ ਮੇਰੀ ਤੇਰੇ ਨਾਲ ਪ੍ਰੀਤ ਲਗੀ ਹੈ, ਤੇਰੇ ਚਰਣ ਪਰਸ ਲਏ ਹਨ, ਮੈਂ ਤੇਰੀ ਸ਼ਰਣ ਲਈ ਹੈ, ਤਦ ਤੋਂ ਮੇਰੀ ਅਖ ਥਲੇ ਹੀ ਨਹੀਂ ਆਉਂਦਾ, ਮੇਰੀ, ਤੇਰੇ ਤੋਂ ਬਿਨਾਂ ਹੋਰ ਕਿਸੇ ਨਾਲ ਤਸੱਲੀ ਹੀ ਨਹੀਂ ਹੁੰਦੀ - 'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਖ ਤਰੇ ਨਹੀ ਆਨਯੋ।।' (ਇਸ ਪੰਕਤੀ ਵਿਚ, ਗੁਰੂ ਦੀ ਸ਼ਰਣ ਵਿਚ ਆਉਣ ਦੀ ਸ਼ਰਤ ਲਗੀ ਹੋਈ ਹੈ। ਅਜ ਕਲ ਸਜਣ, ਗੁਰੂ ਦੀ ਸ਼ਰਣ ਗ੍ਰਹਿਣ ਕੀਤੇ ਬਿਨਾਂ ਹੀ ਇਸ ਦਾ ਹਵਾਲਾ ਦਈ ਜਾ ਰਹੇ ਹਨ। ਜਿਸ ਨੇ ਸਚਮੁਚ ਗੁਰੂ ਦੇ ਸਨਮੁਖ ਸਮਰਪਣ ਕੀਤਾ ਹੈ ਅਤੇ ਗੁਰੂ ਨੇ ਉਸ ਨੂੰ ਸ਼ਰਣ ਦਿਤੀ ਹੈ, ਉਹੀ ਇਸ ਪੰਕਤੀ ਦਾ ਹਵਾਲਾ ਦੇ ਸਕਦਾ ਹੈ।)

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੨੪੩ ਤੇ, ਬਚਨ ਕਰਦੇ ਹਨ ਕਿ ਉਹੀ ਇਕ ਸਚਾ ਪ੍ਰਭੂ ਹੈ, ਹੋਰ ਦੂਜਾ ਭਾਲਣ ਦੀ ਕੀ ਲੋੜ ਹੈ - 'ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ।।' ਗੁਰੂ ਤਾਂ ਇਕ ਨੂੰ ਹੀ ਮੰਨਿਆਂ ਜਾ ਸਕਦਾ ਹੈ, ਇਕ ਤੋਂ ਵਧ ਨੂੰ ਨਹੀਂ। ਅੰਗ੍ਰੇਜ਼ੀ ਦਾ ਵੀ ਅਖਾਣ ਹੈ - One can't serve two masters. ਖ਼ਸਮ ਵੀ ਇਕ ਹੀ ਹੁੰਦਾ ਹੈ।

ਤੁਮਰੇ ਭਜਨ ਕਟਹਿ ਜਮ ਫਾਂਸਾ ॥

ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥

-- ਤੇਰਾ ਨਾਮ ਜਪਣ ਨਾਲ ਜਮਾਂ ਦੀ ਫ਼ਾਹੀ ਕਟ ਹੋ ਜਾਂਦੀ ਹੈ, ਭਾਵ ਜਨਮ ਮਰਨ ਦਾ ਗੇੜ ਕਟਿਆ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪੰਨਾ ੬੩੩ ਤੇ, ਫ਼ੁਰਮਾਣ ਕਰਦੇ ਹਨ ਕਿ ਸੰਤਾਂ ਦੀ ਸਰਣ ਵਿਚ ਆ ਕੇ, ਸਾਰੀ ਮਾੜੀ ਮਤਿ ਦਾ ਨਾਸ ਹੋ ਜਾਂਦਾ ਹੈ ਤਾਂ ਫ਼ਿਰ ਪਰਮਾਤਮਾ ਦਾ ਸਿਮਰਣ ਕਰ ਕੇ ਜਮਾਂ ਦੀ ਫ਼ਾਹੀ ਕਟ ਹੋ ਜਾਂਦੀ ਹੈ - 'ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ।। ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ।।'

-- ਤੇਰਾ ਇਹ ਭਗਤ ਰਵਿਦਾਸ, ਸਿਰਫ਼ ਤੇਰੀ ਭਗਤੀ ਦੀ ਖ਼ਾਤਰ ਹੀ, ਤੇਰਾ ਜਸ ਗਾਉਂਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ Love for the sake of love ਕਹਿੰਦੇ ਹਨ।੫।੫।

ਇਹੀ ਉਪਦੇਸ਼, ਸ੍ਰੀ ਗੁਰੂ ਅਰਜਨ ਸਾਹਿਬ ਨੇ ਸਾਨੂੰ ਵੀ ਬਖਸ਼ਿਆ ਹੈ ਕਿ ਸਦਾ ਵਾਹਗੁਰੂ ਦਾ ਨਾਮ ਵਾਰ ਵਾਰ ਵਾਰ ਵਾਰ ਜਪੀਏ, ਉਠਦਿਆਂ, ਬਹਿੰਦਿਆਂ, ਸੌਂਦਿਆ ਵੀ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ..... ਜਪਦੇ ਰਹੀਏ - 'ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ।। ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ।।' ਨੋਟ ਕਰਣ ਵਾਲੀ ਗਲ ਹੈ ਕਿ ਇਸ ਪਦੇ ਵਿਚ 'ਹਰਿ' ਸਿਮਰਣ ਦੀ ਵਿਧੀ ਦਸ ਦਿਤੀ ਹੈ ਜੋ ਕਿ ਭਗਤੀ, ਸਿਮਰਨ ਦਾ ਢੰਗ ਹੈ। ਇਹ ਹੈ ਗੁਰ ਮੰਤਰ ਦਾ ਵਾਰ ਵਾਰ ਉਚਾਰਣ, ਜਿਵੇਂ ਇਸ ਪੰਕਤੀ

ਵਿਚ ਦਸਿਆ ਹੈ। ਇਸ ਪੰਕਤੀ ਵਿਚ ਹਰਿ ਸ਼ਬਦ ਦਾ ਨੌਂ ਵੇਰ, ਅਤੇ ਦੋਵੇਂ ਪੰਕਤੀਆਂ ਮਿਲਾ ਕੇ ਬਾਰਹ ਵੇਰ ਉਚਾਰਣ ਕਰ ਕੇ, ਇਸੇ ਸਚਿਆਈ ਵਲ ਸੰਕੇਤ ਕੀਤਾ ਗਿਆ ਹੈ। ਅਜਿਹਾ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਕੀਤਾ ਗਿਆ ਹੈ।

ਪ੍ਰਭੂ ਦੀ ਪ੍ਰੀਤ ਹੀ ਭਗਤ ਦਾ ਜੀਵਨ ਹੁੰਦਾ ਹੈ। ਇਸ ਦੇ ਤੁਲ ਹੋਰ ਸਾਰੇ ਗੁਣ ਵੀ ਵਿਅਰਥ ਹਨ। ਇਥੋਂ ਤਕ ਕਿ ਮਨੁਖ ਜੀਉਂਦਿਆਂ ਹੀ ਮਰੇ ਵਰਗਾ ਹੈ। ਪੰਚਮ ਪਾਤਸ਼ਾਹ ਦਾ, ਪੰਨਾ ੨੫੩ ਤੇ, ਫ਼ੁਰਮਾਣ ਹੈ - 'ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।। ਮਿਰਤਕ ਕਹੀਅਹਿ ਨਾਨਕਾ  ਜਿਹ ਪ੍ਰੀਤਿ ਨਹੀ ਭਗਵੰਤ।।'



23.9.2020